ਵੀਰਵਾਰ, 19 ਫਰਵਰੀ, 2015

ਅਜੀਤ, ਜਲੰਧਰ

# ਮੋਬਾਈਲ ਆਟੋ ਵਰਕਸ਼ਾਪਾਂ 'ਤੇ ਛਾਪੇ

ਜਲੰਧਰ, 18 ਫਰਵਰੀ (ਸ਼ਿਵ ਸ਼ਰਮਾ)- ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਨਵ ਨਿਯੁਕਤ ਚੇਅਰਮੈਨ ਸ੍ਰੀ ਮਨਪ੍ਰੀਤ ਸਿੰਘ ਛਤਵਾਲ ਦੀਆਂ ਹਦਾਇਤਾਂ 'ਤੇ ਬੋਰਡ ਵੱਲੋਂ ਪਹਿਲੀ ਵਿਸ਼ੇਸ਼ ਚੈਕਿੰਗ ਮੁਹਿੰਮ ਸ਼ੁਰੂ ਕੀਤੀ ਗਈ ਜਿਸ ਅਧੀਨ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਦੀਆਂ 6 ਵੱਖ-ਵੱਖ ਟੀਮਾਂ ਬਣਾ ਕੇ ਜਲੰਧਰ ਵਿਖੇ ਸਥਿਤ 6 ਆਟੋ ਮੋਬਾਈਲ ਸਰਵਿਸ ਸਟੇਸ਼ਨਾਂ/ਵਰਕਸ਼ਾਪਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਮੁੱਖ ਵਾਤਾਵਰਨ ਇੰਜੀਨੀਅਰ ਜਲੰਧਰ ਸ੍ਰੀ ਜੀ. ਐੱਸ ਮਜੀਠੀਆ ਨੇ ਦੱਸਿਆ ਕਿ ਚੈਕਿੰਗ ਦੌਰਾਨ ਪਾਇਆ ਗਿਆ ਹੈ ਕਿ 5 ਵਰਕਸ਼ਾਪਾਂ ਵੱਲੋਂ ਆਪਣੇ ਜਲ ਸੋਧਕ ਯੰਤਰ ਨਹੀਂ ਚਲਾਏ ਜਾ ਰਹੇ ਸਨ ਅਤੇ ਇਨ੍ਹਾਂ ਵੱਲੋਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਰੂਲਾਂ ਦੀ ਉਲੰਘਣਾ ਕੀਤੀ ਜਾ ਰਹੀ ਸੀ। ਬੋਰਡ ਵੱਲੋਂ ਇਨ੍ਹਾਂ ਵਰਕਸ਼ਾਪਾਂ ਦੇ ਖ਼ਿਲਾਫ਼ ਬਣਦੀ ਕਾਰਵਾਈ ਆਰੰਭੀ ਜਾ ਰਹੀ ਹੈ। ਮਨਪ੍ਰੀਤ ਸਿੰਘ ਛਤਵਾਲ ਚੇਅਰਮੈਨ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਆਰੰਭੀ ਇਸ ਮੁਹਿੰਮ ਦਾ ਸੰਕੇਤ ਇਹ ਹੈ ਕਿ ਬਾਕੀ ਸਾਰੇ ਸਰਵਿਸ ਸਟੇਸ਼ਨ ਸੁਚੇਤ ਹੋ ਕੇ ਆਪਣੇ ਜਲ ਸੋਧਕ ਯੰਤਰ ਰੈਗੂਲਰ ਚਲਾਉਣ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਰੂਲਾਂ ਦੀ ਪਾਲਨਾ ਕਰਨਾ ਯਕੀਨੀ ਬਣਾਉਣ। ਇਹ ਮੁਹਿੰਮ ਆਉਣ ਵਾਲੇ ਸਮੇਂ ਵਿਚ ਵੀ ਜਾਰੀ ਰਹਿਣਗੇ।

ਵੀਰਵਾਰ, 19 ਫ਼ਰਵਰੀ 2015

ਰੋਜ਼ਾਨਾ ਸਪੋਕਸਮੈਨ

ਦੋਆਬਾ

# ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਆਟੋ-ਮੋਬਾਈਲ ਵਰਕਸ਼ਾਪਾਂ ਦੀ ਅਚਨਚੇਤ ਚੈਕਿੰਗ

**6 ਨੂੰ ਨਿਯਮਾਂ ਦੀ ਉਲੰਘਣਾ ਦਾ ਦੋਸ਼ੀ ਪਾਇਆ**

ਜਲੰਧਰ, 18 ਫ਼ਰਵਰੀ (ਗੁਰਪ੍ਰੀਤ ਸਿੰਘ ਪਾਪੀ) : ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਨਵ ਨਿਯੁਕਤ ਚੇਅਰਮੈਨ ਮਨਪ੍ਰੀਤ ਸਿੰਘ ਛੱਤਵਾਲ ਦੀਆਂ ਹਦਾਇਤਾਂ 'ਤੇ ਬੋਰਡ ਵਲੋਂ ਪਹਿਲੀ ਵਿਸ਼ੇਸ਼ ਚੈਕਿੰਗ ਮੁਹਿੰਮ ਸ਼ੁਰੂ ਕੀਤੀ ਗਈ ਜਿਸ ਅਧੀਨ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਦੀਆਂ 6 ਵੱਖ-ਵੱਖ ਟੀਮਾਂ ਬਣਾ ਕੇ ਜਲੰਧਰ ਵਿਖੇ ਸਥਿਤ 6 ਆਟੋ ਮੋਬਾਇਲ ਸਰਵਿਸ ਸਟੇਸ਼ਨਾਂ/ਵਰਕਸ਼ਾਪਾਂ ਦੀ ਅਚਨਚੇਤ ਚੈਕਿੰਗ ਕੀਤੀ ਗਈ। ਇਹ ਜਾਣਕਾਰੀ ਦਿੰਦਿਆਂ ਮੁੱਖ ਵਾਤਾਵਰਣ ਇੰਜੀਨੀਅਰ ਜਲੰਧਰ ਜੀ. ਐਸ ਮਜੀਠੀਆ ਨੇ ਦਸਿਆ ਕਿ ਚੈਕਿੰਗ ਦੌਰਾਨ ਪਾਇਆ ਗਿਆ ਹੈ ਕਿ 5 ਵਰਕਸ਼ਾਪਾਂ, ਜਿਨ੍ਹਾਂ ਵਿਚ ਕਾਸਮੋ ਹੁੰਡਿਆਈ ਜੀ.ਟੀ.ਰੋਡ ਪਰਾਗਪੁਰ ਜਲੰਧਰ, ਕਾਸਮੋ ਵਹੀਕਲ ਪ੍ਰਾਈਵੇਟ ਲਿਮਟਿਡ ਜੀ.ਟੀ.ਰੋਡ ਪਰਾਗਪੁਰ ਜਲੰਧਰ, ਏ.ਐਨ.ਆਰ. ਮੋਟਰਜ਼ ਪ੍ਰਾ.ਲਿਮਟਿਡ ਜੀ.ਟੀ.ਰੋਡ ਪਰਾਗਪੁਰ ਜਲੰਧਰ, ਏ.ਐਨ.ਆਰ.ਮੋਟਰਜ਼ ਪ੍ਰਾ:ਲਿਮਟਿਡ ਕਪੂਰਥਲਾ ਰੋਡ ਜਲੰਧਰ ਅਤੇ ਗੋਇਲ ਆਟੋਮੋਟਿਵ ਲਿਮਟਿਡ ਕਪੂਰਥਲਾ ਰੋਡ ਜਲੰਧਰ ਸ਼ਾਮਿਲ ਹਨ, ਵਲੋਂ ਆਪਣੇ ਜਲ ਸੋਧਕ ਯੰਤਰ ਨਹੀਂ ਚਲਾਏ ਜਾ ਰਹੇ ਸਨ ਅਤੇ ਇਨ੍ਹਾਂ ਵਲੋਂ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਰੂਲਾਂ ਦੀ ਉਲੰਘਣਾ ਕੀਤੀ ਜਾ ਰਹੀ ਸੀ। ਉਨ੍ਹਾਂ ਦਸਿਆ ਕਿ ਇਸ ਤੋਂ ਇਲਾਵਾ ਗੋਇਲ ਆਟੋਮੋਟਿਵ ਲਿਮਟਿਡ ਜੀ.ਟੀ.ਰੋਡ ਪਰਾਗਪੁਰ ਜਲੰਧਰ ਵਰਕਸ਼ਾਪ ਵਲੋਂ ਆਪਣਾ ਟਰੀਟਮੈਂਟ ਪਲਾਂਟ ਚਲਾਇਆ ਜਾ ਰਿਹਾ ਸੀ ਪਰੰਤੂ ਉਸਦਾ ਪਲਾਂਟੇਸ਼ਨ ਏਰੀਆ ਬਹੁਤ ਹੀ ਘੱਟ ਹੈ। ਉਨ੍ਹਾਂ ਦੱਸਿਆ ਕਿ ਬੋਰਡ ਵਲੋਂ ਇਨ੍ਹਾਂ ਵਰਕਸ਼ਾਪਾਂ ਦੇ ਖਿਲਾਫ ਬਣਦੀ ਕਾਰਵਾਈ ਆਰੰਭੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਸ੍ਰੀ ਮਨਪ੍ਰੀਤ ਸਿੰਘ ਛੱਤਵਾਲ ਚੇਅਰਮੈਨ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਵਲੋਂ ਆਰੰਭੀ ਇਸ ਮੁਹਿੰਮ ਦਾ ਸੰਕੇਤ ਇਹ ਹੈ ਕਿ ਬਾਕੀ ਸਾਰੇ ਸਰਵਿਸ ਸਟੇਸ਼ਨ ਸੁਚੇਤ ਹੋ ਕੇ ਆਪਣੇ ਜਲ ਸੋਧਕ ਯੰਤਰ ਰੈਗੂਲਰ ਚਲਾਉਣ ਅਤੇ ਪੰਜਾਬ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਰੂਲਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਣ। ਉਨ੍ਹਾਂ ਕਿਹਾ ਕਿ ਇਹ ਮੁਹਿੰਮ ਆਉਣ ਵਾਲੇ ਸਮੇਂ ਵਿਚ ਵੀ ਜਾਰੀ ਰਹੇਗੀ।